| |
|---|
| **ਵਾਚਕ:** ਇਸ ਵੀਡੀਓ ਵਿੱਚ ਰਫ਼ਿਊਜੀ ਦਾਅਵੇ ਦੀਆਂ ਸੁਣਵਾਈਆਂ ਬਾਰੇ ਸਹਾਇਕ ਜਾਣਕਾਰੀ ਹੈ।<br>ਹੋਰ ਵੇਰਵੇ ਅਤੇ ਅੱਪਡੇਟ ਸਾਡੀ ਵੈੱਬਸਾਈਟ irb.gc.ca 'ਤੇ ਉਪਲਬਧ ਹਨ। |
| **ਸੰਗੀਤ:** ਵੀਡੀਓ ਦੌਰਾਨ ਹਲਕਾ ਜਿਹਾ ਬੈਕਗ੍ਰਾਊਂਡ ਸੰਗੀਤ ਚਲਦਾ ਹੈ। |
| **ਵਾਚਕ:** ਜਦੋਂ ਤੁਸੀਂ ਕੈਨੇਡਾ ਵਿੱਚ ਰਫ਼ਿਊਜੀ ਸੁਰੱਖਿਆ ਦਾ ਦਾਅਵਾ ਕਰਦੇ ਹੋ, ਤਾਂ ਤੁਸੀਂ ਆਪਣੇ ਦਾਅਵੇ ਦਾ ਸਮਰਥਨ ਕਰਨ ਵਾਲੇ ਸਬੂਤ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੁੰਦੇ ਹੋ। ਇਹ ਦਸਤਾਵੇਜ਼ ਤੁਹਾਡੀ ਰਫ਼ਿਊਜੀ ਸੁਣਵਾਈ ਵਿੱਚ ਤੁਹਾਡੇ ਦਾਅਵੇ ਦਾ ਸਮਰਥਨ ਕਰਨਗੇ।<br><br>ਇਹ ਵੀਡੀਓ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰੇਗਾ ਕਿ ਤੁਹਾਡੇ ਸਬੂਤ ਕਿਵੇਂ ਇਕੱਠੇ ਕਰਨੇ ਅਤੇ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਆਫ਼ ਕੈਨੇਡਾ ਦੀ ਰਿਫਿਊਜੀ ਪ੍ਰੋਟੈਕਸ਼ਨ ਡਿਵੀਜ਼ਨ ਜਾਂ RPD ਨੂੰ ਪ੍ਰਦਾਨ ਕਰਨੇ ਹਨ। ਪਰ ਤੁਹਾਨੂੰ ਇਹ ਇਕੱਲੇ ਕਰਨ ਦੀ ਲੋੜ ਨਹੀਂ ਹੈ। ਪਹਿਲਾਂ, ਆਓ ਦੇਖੀਏ ਕਿ ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕੌਣ ਕਰ ਸਕਦਾ ਹੈ।<br><br>ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰਨ ਲਈ ਕਿਸੇ ਪੇਸ਼ੇਵਰ ਨੂੰ ਨਿਯੁਕਤ ਕਰਨ ਬਾਰੇ ਵਿਚਾਰ ਕਰੋ। ਇਹਨਾਂ ਪੇਸ਼ੇਵਰਾਂ ਨੂੰ "ਵਕੀਲ" ਕਿਹਾ ਜਾਂਦਾ ਹੈ। ਉਹ ਵਕੀਲ ਜਾਂ ਇਮੀਗ੍ਰੇਸ਼ਨ ਕਨਸਲਟੈਂਟ ਹੋ ਸਕਦੇ ਹਨ। ਕੁਝ ਥਾਵਾਂ 'ਤੇ, ਤੁਸੀਂ ਨੋਟਰੀ ਪਬਲਿਕ ਜਾਂ ਪੈਰਾਲੀਗਲ ਨੂੰ ਵੀ ਵਕੀਲ ਵਜੋਂ ਨਿਯੁਕਤ ਕਰ ਸਕਦੇ ਹੋ।<br><br>ਜੇ ਤੁਸੀਂ ਵਕੀਲ ਨਿਯੁਕਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਇਹ ਜਿੰਨੀ ਜਲਦੀ ਹੋ ਸਕੇ ਕਰਨਾ ਚਾਹੀਦਾ ਹੈ। ਤੁਸੀਂ ਆਪਣੇ ਵਕੀਲ ਨੂੰ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੋਗੇ, ਜਦੋਂ ਤੱਕ ਤੁਸੀਂ ਆਪਣੇ ਸੂਬੇ ਵਿੱਚ ਲੀਗਲ ਏਡ ਯਾਨੀ ਕਾਨੂੰਨੀ ਸਹਾਇਤਾ ਏਜੰਸੀ ਤੋਂ ਮਦਦ ਪ੍ਰਾਪਤ ਕਰਨ ਦੇ ਯੋਗ ਨਹੀਂ ਹੋ।<br><br>ਜੇਕਰ ਤੁਹਾਡੇ ਕੋਲ ਵਕੀਲ ਹੈ, ਤਾਂ ਉਹ ਤੁਹਾਡੀ ਸੁਣਵਾਈ 'ਤੇ ਤੁਹਾਡੀ ਨੁਮਾਇੰਦਗੀ ਕਰਨਗੇ। ਤੁਹਾਡੀ ਸੁਣਵਾਈ ਤੋਂ ਪਹਿਲਾਂ, ਉਹ ਤੁਹਾਡੇ ਨਾਲ ਤੁਹਾਡੇ ਰਫ਼ਿਊਜੀ ਦਾਅਵੇ ਬਾਰੇ ਚਰਚਾ ਕਰਨਗੇ ਅਤੇ ਤੁਹਾਨੂੰ ਸਲਾਹ ਦੇਣਗੇ ਕਿ ਤੁਹਾਡੇ ਦਾਅਵੇ ਦਾ ਸਮਰਥਨ ਕਰਨ ਲਈ ਤੁਹਾਨੂੰ ਕਿਹੜੇ ਸਬੂਤ ਇਕੱਠੇ ਕਰਨੇ ਚਾਹੀਦੇ ਹਨ ਅਤੇ ਪ੍ਰਦਾਨ ਕਰਨੇ ਚਾਹੀਦੇ ਹਨ।<br><br>ਜੇਕਰ ਤੁਸੀਂ ਕਿਸੇ ਦੋਸਤ, ਪਰਿਵਾਰਕ ਮੈਂਬਰ, ਜਾਂ ਵਾਲੰਟੀਅਰ ਨੂੰ ਤੁਹਾਡੀ ਨੁਮਾਇੰਦਗੀ ਕਰਨ ਲਈ ਕਹਿਣ ਦਾ ਫੈਸਲਾ ਕਰਦੇ ਹੋ, ਤਾਂ ਉਹ ਤੁਹਾਡੇ ਤੋਂ ਕੋਈ ਫੀਸ ਨਹੀਂ ਲੈ ਸਕਦੇ। ਇਸ ਸਥਿਤੀ ਵਿੱਚ, ਵਿਅਕਤੀ ਲਈ *ਫ਼ੀਸ ਜਾਂ ਕਿਸੇ ਹੋਰ ਭੁਗਤਾਨ ਦੇ ਬਿਨਾਂ ਨੁਮਾਇੰਦਗੀ ਦਾ ਨੋਟਿਸ (Notice of Representation Without a Fee or other Consideration)* ਫਾਰਮ ਭਰਨਾ ਲਾਜ਼ਮੀ ਹੈ।<br><br>ਤੁਸੀਂ ਇਹ ਫਾਰਮ IRB ਵੈੱਬਸਾਈਟ ਦੇ ਰਫ਼ਿਊਜੀ ਦਾਅਵਿਆਂ ਦੇ ਸੈਕਸ਼ਨ ਵਿੱਚ ਫਾਰਮਾਂ ਦੇ ਤਹਿਤ ਪ੍ਰਾਪਤ ਕਰ ਸਕਦੇ ਹੋ। |

| |
|---|
| ਤੁਹਾਨੂੰ ਕਿਸੇ ਦੁਆਰਾ ਨੁਮਾਇੰਦਗੀ ਕੀਤੇ ਜਾਣ ਦੀ ਲੋੜ ਨਹੀਂ ਹੈ। ਆਪਣੀ ਖੁਦ ਦੀ ਨੁਮਾਇੰਦਗੀ ਕਰਨ ਦਾ ਮਤਲਬ ਹੈ ਕਿ ਤੁਹਾਨੂੰ ਇਹ ਚੁਣਨਾ ਪਵੇਗਾ ਹੈ ਕਿ ਤੁਹਾਡੇ ਦਾਅਵੇ ਦਾ ਸਮਰਥਨ ਕਰਨ ਲਈ ਕਿਹੜੇ ਸਬੂਤ ਪੇਸ਼ ਕਰਨੇ ਹਨ ਅਤੇ ਕਿਹੜੀਆਂ ਦਲੀਲਾਂ ਦੇਣੀਆਂ ਹਨ। |
| **ਵਾਚਕ:** ਜਦੋਂ ਤੁਸੀਂ ਰਫ਼ਿਊਜੀ ਸੁਰੱਖਿਆ ਲਈ ਆਪਣਾ ਦਾਅਵਾ ਕੀਤਾ ਸੀ, ਤਾਂ ਤੁਸੀਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਜਾਂ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ ਦੇ ਕਿਸੇ ਅਫਸਰ ਨਾਲ ਗੱਲ ਕੀਤੀ ਸੀ ਜਿਸ ਨੇ ਫੈਸਲਾ ਕੀਤਾ ਸੀ ਕਿ ਕੀ ਤੁਹਾਡਾ ਰਫ਼ਿਊਜੀ ਦਾ ਦਾਅਵਾ RPD ਨੂੰ ਭੇਜੇ ਜਾਣ ਦੇ ਯੋਗ ਹੈ ਜਾਂ ਨਹੀਂ।<br><br>ਜੇਕਰ ਤੁਸੀਂ ਪ੍ਰਵੇਸ਼ ਦੇ ਕਿਸੇ ਪੋਰਟ, ਜਿਵੇਂ ਕਿ ਏਅਰਪੋਰਟ ਜਾਂ ਬਾਰਡਰ ਕ੍ਰਾਸਿੰਗ 'ਤੇ ਪਹੁੰਚੇ ਸੀ, ਤਾਂ ਤੁਹਾਨੂੰ *ਬੇਸਿਸ ਔਫ ਕਲੇਮ ਫਾਰਮ*, ਯਾਨੀ ਉਹ ਫਾਰਮ ਜੋ ਤੁਹਾਡੇ ਦਾਅਵੇ ਦਾ ਆਧਾਰ ਹੈ, ਪ੍ਰਦਾਨ ਕੀਤਾ ਗਿਆ ਸੀ ਅਤੇ ਤੁਸੀਂ ਇਸ ਭਰੇ ਹੋਏ ਫਾਰਮ ਨੂੰ RPD ਨੂੰ ਭੇਜਿਆ ਸੀ।<br><br>ਜੇ ਤੁਸੀਂ ਆਪਣਾ ਰਫ਼ਿਊਜੀ ਦਾਅਵਾ ਉਦੋਂ ਕੀਤਾ ਸੀ ਜਦੋਂ ਤੁਸੀਂ ਪਹਿਲਾਂ ਹੀ ਕੈਨੇਡਾ ਵਿੱਚ ਸੀ, ਤਾਂ ਤੁਸੀਂ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ (IRCC) ਨੂੰ ਆਪਣਾ ਪੂਰਾ ਕੀਤਾ *ਬੇਸਿਸ ਔਫ ਕਲੇਮ ਫਾਰਮ* ਪ੍ਰਦਾਨ ਕੀਤਾ ਸੀ। ਜੇਕਰ ਤੁਹਾਡਾ ਦਾਅਵਾ ਯੋਗ ਸੀ, ਤਾਂ ਅਫਸਰ ਨੇ ਤੁਹਾਡਾ ਫਾਰਮ RPD ਨੂੰ ਭੇਜ ਦਿੱਤਾ ਸੀ।<br><br>ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਰਫ਼ਿਊਜੀ ਸੁਰੱਖਿਆ ਲਈ ਆਪਣਾ ਦਾਅਵਾ ਕਿੱਥੇ ਕੀਤਾ ਹੈ, *ਬੇਸਿਸ ਔਫ ਕਲੇਮ ਫਾਰਮ* ਦਾ ਉਦੇਸ਼ ਇੱਕੋ ਹੈ।<br><br>ਤੁਸੀਂ ਇਸਦੀ ਵਰਤੋਂ ਆਪਣੇ ਰਫ਼ਿਊਜੀ ਸੁਰੱਖਿਆ ਦਾਅਵੇ ਨੂੰ ਪੇਸ਼ ਕਰਨ ਲਈ ਕਰਦੇ ਹੋ। |
| **ਵਾਚਕ:** *ਬੇਸਿਸ ਔਫ ਕਲੇਮ ਫਾਰਮ* 'ਤੇ ਸਵਾਲਾਂ ਦਾ ਉਦੇਸ਼ ਤੁਹਾਡੀ ਕਹਾਣੀ ਦੇ ਸਭ ਤੋਂ ਮਹੱਤਵਪੂਰਨ ਹਿੱਸਿਆਂ, ਤੁਹਾਡੇ ਜੀਵਨ ਦੇ ਤਜ਼ਰਬਿਆਂ, ਅਤੇ ਕੈਨੇਡਾ ਵਿੱਚ ਰਫ਼ਿਊਜੀ ਸੁਰੱਖਿਆ ਦਾ ਦਾਅਵਾ ਕਰਨ ਲਈ ਤੁਹਾਡੇ ਕਾਰਨਾਂ ਨੂੰ ਸ਼ਾਮਲ ਕਰਨ ਵਿੱਚ ਤੁਹਾਡੀ ਮਦਦ ਕਰਨਾ ਹੈ।<br><br>RPD ਉਸ ਜਾਣਕਾਰੀ ਦੀ ਵਰਤੋਂ ਤੁਹਾਡੇ ਦਾਅਵੇ ਬਾਰੇ ਫੈਸਲਾ ਲੈਣ ਲਈ ਕਰਦੀ ਹੈ, ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਹਾਡੇ *ਬੇਸਿਸ ਔਫ ਕਲੇਮ ਫਾਰਮ* ਵਿੱਚ ਸਭ ਕੁਝ ਪੂਰਾ, ਸੱਚਾ ਅਤੇ ਸਹੀ ਹੋਵੇ। |

| |
|---|
| **ਵਾਚਕ:** ਆਪਣੇ *ਬੇਸਿਸ ਔਂਫ ਕਲੇਮ ਫਾਰਮ* ਨੂੰ ਭੇਜਣ ਤੋਂ ਬਾਅਦ, ਤੁਹਾਡੇ ਲਈ ਆਪਣੇ ਰਫ਼ਿਊਜੀ ਸੁਰੱਖਿਆ ਦਾਅਵੇ ਦਾ ਸਮਰਥਨ ਕਰਨ ਵਾਲੇ ਦਸਤਾਵੇਜ਼ ਭੇਜਣਾ ਵੀ ਜ਼ਰੂਰੀ ਹੈ। ਇਹਨਾਂ ਦਸਤਾਵੇਜ਼ਾਂ ਨੂੰ ਸਬੂਤ ਕਿਹਾ ਜਾਂਦਾ ਹੈ।<br>ਸੰਭਵ ਹੈ ਕਿ ਤੁਸੀਂ ਆਪਣਾ ਦੇਸ਼ ਛੱਡਣ ਤੋਂ ਪਹਿਲਾਂ ਆਪਣੇ ਸਾਰੇ, ਜਾਂ ਕੋਈ ਵੀ ਸਬੂਤ ਪ੍ਰਾਪਤ ਨਾ ਕਰ ਸਕੇ ਹੋਵੇ।<br><br>ਪਰ ਹੁਣ ਜਦੋਂ ਤੁਸੀਂ ਕੈਨੇਡਾ ਵਿੱਚ ਹੋ, ਤਾਂ ਆਪਣੇ ਸਬੂਤ ਇਕੱਠੇ ਕਰਨਾ ਸ਼ੁਰੂ ਕਰਨਾ ਮਹੱਤਵਪੂਰਨ ਹੈ।<br><br>ਤੁਹਾਨੂੰ ਆਪਣੇ ਦਾਅਵੇ 'ਤੇ ਜਿੰਨੀ ਜਲਦੀ ਹੋ ਸਕੇ ਸਬੂਤ ਜਮ੍ਹਾਂ ਕਰਾਉਣ ਦੀ ਲੋੜ ਹੈ, ਅਤੇ ਆਪਣੀ ਸੁਣਵਾਈ ਦੀ ਮਿਤੀ ਤੋਂ 10 ਦਿਨ ਪਹਿਲਾਂ ਤੱਕ। ਆਪਣੇ ਸਬੂਤ ਜਮ੍ਹਾਂ ਕਰਨ ਲਈ ਆਖਰੀ ਮਿਤੀ ਤੱਕ ਉਡੀਕ ਨਾ ਕਰੋ।<br><br>ਜੇਕਰ ਤੁਹਾਨੂੰ ਆਪਣੀ ਸੁਣਵਾਈ ਤੋਂ 10 ਦਿਨਾਂ ਤੋਂ ਘੱਟ ਸਮੇਂ ਪਹਿਲਾਂ ਸਬੂਤ ਭੇਜਣ ਦੀ ਲੋੜ ਹੈ, ਤਾਂ ਤੁਹਾਨੂੰ ਇਜਾਜ਼ਤ ਮੰਗਣੀ ਪਵੇਗੀ। ਇਜਾਜ਼ਤ ਸਿਰਫ਼ ਵਿਸ਼ੇਸ਼ ਹਾਲਾਤਾਂ ਵਿੱਚ ਹੀ ਦਿੱਤੀ ਜਾਂਦੀ ਹੈ। ਤੁਹਾਨੂੰ *ਦੇਰ ਨਾਲ ਖ਼ੁਲਾਸਾ ਜਮ੍ਹਾਂ ਕਰਾਉਣ ਲਈ ਅਰਜ਼ੀ (Application to submit late disclosure)*, ਜੋ ਤੁਸੀਂ IRB ਵੈੱਬਸਾਈਟ 'ਤੇ ਮਿਲ ਜਾਵੇਗੀ, ਭਰਨ ਦੀ ਲੋੜ ਹੋਵੇਗੀ।<br><br>ਆਪਣੇ ਦਸਤਾਵੇਜ਼ ਜਲਦੀ ਭੇਜਣ ਨਾਲ RPD ਨੂੰ ਇਹ ਫੈਸਲਾ ਕਰਨ ਵਿੱਚ ਮਦਦ ਮਿਲਦੀ ਹੈ ਕਿ ਤੁਹਾਡੀ ਸੁਣਵਾਈ ਕਦੋਂ ਨਿਰਧਾਰਤ ਕਰਨੀ ਹੈ ਜਾਂ ਕੀ ਤੁਹਾਡਾ ਦਾਅਵਾ ਬਿਨਾਂ ਸੁਣਵਾਈ ਦੇ ਸਵੀਕਾਰ ਕੀਤਾ ਜਾ ਸਕਦਾ ਹੈ। |
| **ਵਾਚਕ:** ਆਓ ਤੁਹਾਡੇ ਦਾਅਵੇ ਦਾ ਮੁਲਾਂਕਣ ਕਰਨ ਲਈ ਵਰਤੇ ਜਾਣ ਵਾਲੇ ਦੋ ਕਿਸਮ ਦੇ ਸਬੂਤਾਂ 'ਤੇ ਡੂੰਘਾਈ ਨਾਲ ਨਜ਼ਰ ਮਾਰੀਏ। ਇੱਕ ਕਿਸਮ ਤੁਹਾਡੇ ਦੇਸ਼ ਦੀਆਂ ਸਥਿਤੀਆਂ ਬਾਰੇ ਜਾਣਕਾਰੀ, ਅਤੇ ਦੂਜੀ, ਨਿੱਜੀ ਦਸਤਾਵੇਜ਼ ਹੈ। |

**ਵਾਚਕ:** ਤੁਸੀਂ ਇੱਕ ਅਜਿਹੇ ਦੇਸ਼ ਵਿਰੁੱਧ ਕੈਨੇਡਾ ਦੀ ਸੁਰੱਖਿਆ ਦੀ ਮੰਗ ਕਰ ਰਹੇ ਹੋ ਜਿੱਥੇ ਤੁਸੀਂ ਕਹਿ ਰਹੇ ਹੋ ਕਿ ਤੁਹਾਨੂੰ ਸਤਾਏ ਜਾਣ ਦਾ ਡਰ ਹੈ।

ਤੁਹਾਡੇ ਦਾਅਵੇ ਦਾ ਸਹੀ ਢੰਗ ਨਾਲ ਮੁਲਾਂਕਣ ਕਰਨ ਲਈ, ਤੁਹਾਡੇ ਕੇਸ ਵਿੱਚ ਫੈਸਲਾ ਲੈਣ ਵਾਲੇ ਨੂੰ ਤੁਹਾਡੇ ਦੇਸ਼ ਦੀਆਂ ਸਥਿਤੀਆਂ ਬਾਰੇ ਜਾਣਨ ਦੀ ਲੋੜ ਹੈ। ਉਹ "ਨੈਸ਼ਨਲ ਡੌਕਿਊਮੈਨਟੇਸ਼ਨ ਪੈਕੇਜ", ਜਾਂ NDP ਨਾਮਕ ਕਿਸੇ ਚੀਜ਼ 'ਤੇ ਵਿਚਾਰ ਕਰਨਗੇ।

NDP ਜਨਤਕ ਤੌਰ 'ਤੇ ਉਪਲਬਧ ਦਸਤਾਵੇਜ਼ਾਂ ਦੇ ਸੰਗ੍ਰਹਿ ਹਨ ਜੋ ਕਿਸੇ ਦੇਸ਼ ਦੀਆਂ ਰਾਜਨੀਤਿਕ, ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਮਨੁੱਖੀ ਅਧਿਕਾਰਾਂ ਸੰਬੰਧੀ ਸਥਿਤੀਆਂ ਬਾਰੇ ਰਿਪੋਰਟ ਕਰਦੇ ਹਨ। ਕਿਸੇ ਦੇਸ਼ ਵਿੱਚ ਹਾਲਾਤ ਅਕਸਰ ਬਦਲਦੇ ਰਹਿੰਦੇ ਹਨ, ਇਸ ਲਈ NDP ਨਿਯਮਿਤ ਤੌਰ 'ਤੇ ਅਪਡੇਟ ਕੀਤੇ ਜਾਂਦੇ ਹਨ।

ਤੁਹਾਡੇ ਦਾਅਵੇ ਲਈ ਨਿਯੁਕਤ ਮੈਂਬਰ ਤੁਹਾਡੇ ਦਾਅਵੇ 'ਤੇ ਫੈਸਲਾ ਲੈਣ ਵੇਲੇ ਤੁਹਾਡੇ ਦੇਸ਼ ਲਈ NDP ਵਿਚਲੀ ਜਾਣਕਾਰੀ ਦੇਖੇਗਾ।

ਤੁਹਾਡੇ ਲਈ IRB ਦੀ ਵੈੱਬਸਾਈਟ 'ਤੇ ਆਪਣੇ ਦੇਸ਼ ਦੇ NDP ਦੀ ਸਮੀਖਿਆ ਕਰਨਾ ਮਹੱਤਵਪੂਰਨ ਹੈ।

ਕਿਉਂਕਿ IRB ਕੋਲ ਪਹਿਲਾਂ ਹੀ NDP ਵਿੱਚ ਸਬੂਤ ਹਨ, ਤੁਹਾਨੂੰ ਆਪਣੇ ਦੇਸ਼ ਲਈ NDP ਵਿੱਚ ਮਿਲਣ ਵਾਲੇ ਕੋਈ ਵੀ ਦਸਤਾਵੇਜ਼ਾਂ ਨੂੰ ਸਾਨੂੰ ਭੇਜਣ ਦੀ ਲੋੜ ਨਹੀਂ ਹੈ।
ਹਾਲਾਂਕਿ, ਤੁਹਾਡੇ ਦੇਸ਼ ਬਾਰੇ ਕੁਝ ਅਜਿਹੇ ਦਸਤਾਵੇਜ਼ ਵੀ ਹੋ ਸਕਦੇ ਹਨ ਜੋ NDP ਵਿੱਚ ਸ਼ਾਮਲ ਨਹੀਂ ਹਨ। ਜੇਕਰ ਤੁਸੀਂ ਆਪਣੇ ਦਾਅਵੇ ਦਾ ਸਮਰਥਨ ਕਰਨ ਲਈ ਇਹ ਵਾਧੂ ਦਸਤਾਵੇਜ਼ ਜਮ੍ਹਾਂ ਕਰਨੇ ਚਾਹੁੰਦੇ ਹੋ, ਤਾਂ ਤੁਸੀਂ 100 ਪੰਨਿਆਂ ਤੱਕ ਭੇਜ ਸਕਦੇ ਹੋ। ਜੇਕਰ ਤੁਹਾਡੇ ਦਾਅਵੇ ਵਿੱਚ ਕਈ ਦੇਸ਼ ਸ਼ਾਮਲ ਹਨ, ਤਾਂ ਤੁਸੀਂ ਹਰੇਕ ਦੇਸ਼ ਲਈ 100 ਪੰਨੇ ਜਮ੍ਹਾਂ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਇੱਕ ਦੇਸ਼ ਲਈ 100 ਤੋਂ ਵੱਧ ਪੰਨੇ ਹਨ, ਤਾਂ ਤੁਹਾਨੂੰ *ਵਿਸ਼ਾਲ ਖੁਲਾਸਾ ਜਮ੍ਹਾਂ ਕਰਨ ਲਈ ਅਰਜ਼ੀ (Application to submit voluminous disclosure)*, ਜੋ ਤੁਹਾਨੂੰ IRB ਵੈੱਬਸਾਈਟ 'ਤੇ ਮਿਲ ਜਾਵੇਗੀ, ਭਰਨ ਦੀ ਲੋੜ ਹੋਏਗੀ।

**ਵਾਚਕ:** ਕੁਝ ਨਿੱਜੀ ਦਸਤਾਵੇਜ਼ ਵੀ ਹਨ ਜੋ ਤੁਹਾਨੂੰ ਜਲਦੀ ਤੋਂ ਜਲਦੀ RPD ਨੂੰ ਪ੍ਰਦਾਨ ਕਰਨ ਦੀ ਜ਼ਰੂਰਤ *ਹੈ*।

ਜਦੋਂ ਤੁਸੀਂ ਕੈਨੇਡਾ ਵਿੱਚ ਆਪਣਾ ਰਫ਼ਿਊਜੀ ਦਾਅਵਾ ਕੀਤਾ ਸੀ, ਤਾਂ ਤੁਹਾਨੂੰ ਆਪਣੇ *ਬੇਸਿਸ ਔਫ ਕਲੇਮ ਫਾਰਮ* ਦੇ ਨਾਲ RPD ਨੂੰ ਆਪਣੀ ਪਛਾਣ ਅਤੇ ਯਾਤਰਾ ਦਸਤਾਵੇਜ਼ਾਂ ਦੀ ਇੱਕ ਕਾਪੀ ਜਮ੍ਹਾਂ ਕਰਾਉਣੀ ਚਾਹੀਦੀ ਸੀ।
ਉਦਾਹਰਣ ਉਹ ਦਸਤਾਵੇਜ਼ ਹਨ ਜੋ ਤੁਹਾਡਾ ਨਾਮ ਅਤੇ ਜਨਮ ਮਿਤੀ ਦਰਸਾਉਂਦੇ ਹਨ, ਜਿਵੇਂ ਕਿ ਪਾਸਪੋਰਟ, ਰਾਸ਼ਟਰੀ ਪਛਾਣ ਪੱਤਰ, ਜਨਮ ਸਰਟੀਫਿਕੇਟ, ਸਕੂਲ ਸਰਟੀਫਿਕੇਟ, ਡਰਾਈਵਿੰਗ ਲਾਇਸੈਂਸ, ਫੌਜੀ ਦਸਤਾਵੇਜ਼, ਜਾਂ ਪੇਸ਼ੇਵਰ ਜਾਂ ਧਾਰਮਿਕ ਮੈਂਬਰਸ਼ਿਪ ਕਾਰਡ।

ਜੇਕਰ ਤੁਸੀਂ ਆਪਣੇ *ਬੇਸਿਸ ਔਫ ਕਲੇਮ ਫਾਰਮ* ਦੇ ਨਾਲ ਆਪਣੀ ਪਛਾਣ ਅਤੇ ਯਾਤਰਾ ਦਸਤਾਵੇਜ਼ਾਂ ਦੀ ਇੱਕ ਕਾਪੀ ਪ੍ਰਦਾਨ ਨਹੀਂ ਕੀਤੀ ਸੀ, ਜਾਂ ਜੇਕਰ ਤੁਹਾਨੂੰ ਇਹ ਦਸਤਾਵੇਜ਼ ਆਪਣਾ *ਬੇਸਿਸ ਔਫ ਕਲੇਮ ਫਾਰਮ* ਜਮ੍ਹਾਂ ਕਰਨ ਤੋਂ ਬਾਅਦ ਪ੍ਰਾਪਤ ਹੋਏ ਹਨ, ਤਾਂ ਤੁਹਾਨੂੰ ਤੁਰੰਤ RPD ਨੂੰ ਇੱਕ ਕਾਪੀ ਭੇਜਣੀ ਚਾਹੀਦੀ ਹੈ।

| |
|---|
| **ਵਾਚਕ:** ਪਛਾਣ ਦਸਤਾਵੇਜ਼ਾਂ ਦੇ ਨਾਲ, ਤੁਸੀਂ ਆਪਣੇ ਰਫ਼ਿਊਜੀ ਦਾਅਵੇ ਦਾ ਸਮਰਥਨ ਕਰਨ ਲਈ ਹੋਰ ਦਸਤਾਵੇਜ਼ ਵੀ ਜਮ੍ਹਾਂ ਕਰ ਸਕਦੇ ਹੋ।<br><br>ਉਦਾਹਰਣ ਰਾਜਨੀਤਿਕ ਸੰਗਠਨਾਂ ਵਿੱਚ ਮੈਂਬਰਸ਼ਿਪ ਦਾ ਸਬੂਤ, ਡਾਕਟਰੀ ਜਾਂ ਮਨੋਵਿਗਿਆਨਕ ਰਿਪੋਰਟਾਂ, ਪੁਲਿਸ ਦਸਤਾਵੇਜ਼, ਕਾਰੋਬਾਰੀ ਰਿਕਾਰਡ, ਖ਼ਬਰਾਂ ਦੀਆਂ ਕਲਿੱਪਿੰਗਾਂ ਜਾਂ ਸੋਸ਼ਲ ਮੀਡੀਆ ਪੋਸਟਾਂ ਹਨ। ਅਜਿਹੀ ਕੋਈ ਵੀ ਚੀਜ਼ ਜੋ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਦਾਅਵੇ ਦਾ ਸਮਰਥਨ ਕਰਦੀ ਹੈ। |
| **ਵਾਚਕ:** ਫੈਸਲਾ ਲੈਣ ਵਾਲੇ ਦੁਆਰਾ ਤੁਹਾਡੇ *ਬੇਸਿਸ ਔਫ ਕਲੇਮ ਫਾਰਮ* ਦੀ ਸਮੀਖਿਆ ਕਰਨ ਤੋਂ ਬਾਅਦ, RPD ਤੁਹਾਡੇ ਤੋਂ ਖਾਸ ਦਸਤਾਵੇਜ਼ ਮੰਗ ਸਕਦੀ ਹੈ। ਤੁਹਾਨੂੰ ਇਹਨਾਂ ਹਦਾਇਤਾਂ ਦੀ ਧਿਆਨ ਨਾਲ ਪਾਲਣਾ ਕਰਨ ਦੀ ਲੋੜ ਹੈ।<br><br>ਜੇਕਰ ਤੁਸੀਂ ਪਛਾਣ ਅਤੇ ਨਿੱਜੀ ਦਸਤਾਵੇਜ਼ ਜਾਂ ਤੁਹਾਡੇ ਦਾਅਵੇ ਦੇ ਸਮਰਥਨ ਵਿੱਚ RPD ਦੁਆਰਾ ਮੰਗੇ ਗਏ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਪ੍ਰਦਾਨ ਨਹੀਂ ਕਰਦੇ, ਤਾਂ ਤੁਹਾਨੂੰ ਸੁਣਵਾਈ ਦੇ ਦੌਰਾਨ ਇਹ ਦੱਸਣਾ ਪਵੇਗਾ ਕਿ ਤੁਹਾਡੇ ਕੋਲ ਉਹ ਦਸਤਾਵੇਜ਼ ਕਿਉਂ ਨਹੀਂ ਹਨ। ਤੁਹਾਨੂੰ ਇਹ ਵੀ ਦਿਖਾਉਣਾ ਪਵੇਗਾ ਕਿ ਤੁਸੀਂ ਉਹਨਾਂ ਨੂੰ ਪ੍ਰਾਪਤ ਕਰਨ ਲਈ ਵਾਜਬ ਕੋਸ਼ਿਸ਼ਾਂ ਕੀਤੀਆਂ ਹਨ। |
| **ਵਾਚਕ:** ਹੁਣ ਜਦੋਂ ਤੁਸੀਂ ਜਾਣਦੇ ਹੋ ਕਿ **ਕਿਹੜੇ** ਸਬੂਤ ਇਕੱਠੇ ਕਰਨੇ ਹਨ, ਤੁਹਾਨੂੰ ਇਹ ਵੀ ਜਾਣਨ ਦੀ ਜ਼ਰੂਰਤ ਹੈ ਕਿ ਆਪਣੇ ਸਬੂਤ RPD ਨੂੰ **ਕਿਵੇਂ** ਜਮ੍ਹਾਂ ਕਰਨੇ ਹਨ।<br>ਪਾਲਣਾ ਕਰਨ ਲਈ ਛੇ ਕਦਮ ਹਨ। ਆਓ ਹਰੇਕ ਕਦਮ 'ਤੇ ਡੂੰਘਾਈ ਨਾਲ ਨਜ਼ਰ ਮਾਰੀਏ। |
| **ਵਾਚਕ:** ਪਹਿਲਾ ਕਦਮ: ਜਮ੍ਹਾਂ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਤੁਹਾਡੇ ਦਸਤਾਵੇਜ਼ ਅੰਗਰੇਜ਼ੀ ਜਾਂ ਫ੍ਰੈਂਚ ਵਿੱਚ ਹਨ। ਜੇਕਰ ਉਹਨਾਂ ਦਾ ਕਿਸੇ ਹੋਰ ਭਾਸ਼ਾ ਤੋਂ ਅਨੁਵਾਦ ਕਰਨ ਦੀ ਲੋੜ ਹੈ, ਤਾਂ ਅਨੁਵਾਦਕ ਦੀ ਘੋਸ਼ਣਾ ਅਤੇ ਅਸਲ ਦਸਤਾਵੇਜ਼ਾਂ ਦੀਆਂ ਕਾਪੀਆਂ ਸ਼ਾਮਲ ਕਰੋ। |
| **ਵਾਚਕ:** ਦੂਜਾ ਕਦਮ: ਆਪਣੇ ਸਾਰੇ ਦਸਤਾਵੇਜ਼ਾਂ ਨੂੰ ਇਕੱਠਾ ਰੱਖੋ ਅਤੇ ਪੰਨਿਆਂ ਨੂੰ ਕ੍ਰਮ ਵਿੱਚ ਨੰਬਰ ਦਿਓ, ਫਿਰ ਇੱਕ ਕਵਰ ਪੇਜ ਸ਼ਾਮਲ ਕਰੋ। IRB ਕੋਲ *ਦਾਅਵੇਦਾਰਾਂ ਦੇ ਦਸਤਾਵੇਜ਼ਾਂ ਦੀ ਸੂਚੀ (List of Claimant's Documents)* ਫਾਰਮ ਨਾਮਕ ਇੱਕ ਫਾਰਮ ਹੈ ਜਿਸਨੂੰ ਤੁਸੀਂ ਆਪਣੇ ਕਵਰ ਪੇਜ ਵਜੋਂ ਵਰਤ ਸਕਦੇ ਹੋ।<br><br>ਤੁਸੀਂ ਇਹ ਫਾਰਮ IRB ਵੈੱਬਸਾਈਟ ਦੇ ਰਫ਼ਿਊਜੀ ਦਾਅਵਿਆਂ ਦੇ ਸੈਕਸ਼ਨ ਵਿੱਚ ਫਾਰਮਾਂ ਦੇ ਤਹਿਤ ਪ੍ਰਾਪਤ ਕਰ ਸਕਦੇ ਹੋ।<br><br>ਤੁਸੀਂ ਫਾਰਮ ਨੂੰ ਔਨਲਾਈਨ ਭਰ ਸਕਦੇ ਹੋ ਅਤੇ ਇਸਨੂੰ ਪ੍ਰਿੰਟ ਕਰ ਸਕਦੇ ਹੋ, ਜਾਂ ਇਸ ਫਾਰਮ ਨੂੰ ਉਦਾਹਰਣ ਵਜੋਂ ਵਰਤ ਕੇ ਆਪਣਾ ਕਵਰ ਪੇਜ ਬਣਾ ਸਕਦੇ ਹੋ। |
| **ਵਾਚਕ:** ਤੀਜਾ ਕਦਮ: ਕਵਰ ਪੇਜ ਸਹਿਤ, ਆਪਣੇ ਪੂਰੇ ਦਸਤਾਵੇਜ਼ ਪੈਕੇਜ ਦੀਆਂ ਕਾਪੀਆਂ ਬਣਾਓ। ਇਹ ਮਹੱਤਵਪੂਰਨ ਹੈ ਕਿ ਤੁਸੀਂ RPD ਨੂੰ ਭੇਜੇ ਗਏ ਸਾਰੇ ਦਸਤਾਵੇਜ਼ਾਂ ਦੀ ਇੱਕ ਕਾਪੀ ਰੱਖੋ ਤਾਂ ਜੋ ਤੁਸੀਂ ਆਪਣੀ ਸੁਣਵਾਈ ਦੇ ਦੌਰਾਨ ਉਨ੍ਹਾਂ ਦਾ ਹਵਾਲਾ ਦੇ ਸਕੋ। |

| |
|---|
| **ਵਾਚਕ:** ਚੌਥਾ ਕਦਮ: ਸਾਡੀ ਵੈੱਬਸਾਈਟ 'ਤੇ ਦੱਸੇ ਗਏ ਤਰੀਕਿਆਂ ਵਿੱਚੋਂ ਇੱਕ ਦੀ ਵਰਤੋਂ ਕਰਕੇ ਆਪਣੇ ਦਸਤਾਵੇਜ਼ਾਂ ਦੀ ਇੱਕ ਕਾਪੀ RPD ਨੂੰ ਜਮ੍ਹਾਂ ਕਰੋ।<br><br>ਅਸੀਂ ਤੁਹਾਨੂੰ ਮਾਈ ਕੇਸ ਪੋਰਟਲ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਇਹ ਦੇਖਣ ਲਈ ਕਿ ਕੀ ਇਹ ਤੁਹਾਡੇ ਲਈ ਉਪਲਬਧ ਹੈ, IRB ਵੈੱਬਸਾਈਟ 'ਤੇ ਜਾਓ। |
| **ਵਾਚਕ:** ਪੰਜਵਾਂ ਕਦਮ: ਕੁਝ ਕੇਸਾਂ ਵਿੱਚ, ਮੰਤਰੀ ਦਾ ਵਕੀਲ ਸੁਣਵਾਈ ਵਿੱਚ ਹਿੱਸਾ ਲੈਂਦਾ ਹੈ। ਇਹ ਉਸ ਵਿਅਕਤੀ ਤੋਂ ਵੱਖਰਾ ਹੈ ਜਿਸਨੂੰ ਤੁਸੀਂ ਵਕੀਲ ਵਜੋਂ ਨਿਯੁਕਤ ਕੀਤਾ ਹੋ ਸਕਦਾ ਹੈ।<br><br>ਮੰਤਰੀ ਦਾ ਵਕੀਲ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਜਾਂ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ ਲਈ ਕੰਮ ਕਰਦਾ ਹੈ ਅਤੇ ਜਨਤਕ ਸੁਰੱਖਿਆ ਮੰਤਰੀ ਅਤੇ/ਜਾਂ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਮੰਤਰੀ ਦੀ ਨੁਮਾਇੰਦਗੀ ਕਰਦਾ ਹੈ।<br><br>ਜੇਕਰ ਮੰਤਰੀ ਦੇ ਵਕੀਲ ਨੇ ਹਿੱਸਾ ਲੈਣ ਦਾ ਫੈਸਲਾ ਕੀਤਾ ਹੈ, ਤਾਂ ਉਹ *ਨੋਟਿਸ ਔਫ ਇੰਟਰਵੈਨਸ਼ਨ (Notice of Intervention)* ਭੇਜ ਕੇ ਤੁਹਾਨੂੰ ਦੱਸਣਗੇ।<br><br>ਮੰਤਰੀ ਦਾ ਵਕੀਲ ਤੁਹਾਨੂੰ ਅਤੇ RPD ਨੂੰ ਸਬੂਤ ਜਮ੍ਹਾਂ ਕਰਵਾ ਕੇ ਲਿਖਤੀ ਰੂਪ ਵਿੱਚ ਹਿੱਸਾ ਲੈ ਸਕਦਾ ਹੈ, ਜਾਂ ਉਹ ਤੁਹਾਡੀ ਸੁਣਵਾਈ ਦੇ ਦੌਰਾਨ ਪੇਸ਼ ਹੋ ਸਕਦੇ ਹਨ ਅਤੇ ਤੁਹਾਨੂੰ ਸਵਾਲ ਪੁੱਛਣਗੇ।<br><br>ਯਾਦ ਰੱਖੋ, ਭਾਵੇਂ ਮੰਤਰੀ ਦਾ ਵਕੀਲ ਹਿੱਸਾ ਲੈਂਦਾ ਹੈ, ਇੱਕ RPD ਮੈਂਬਰ ਤੁਹਾਡੇ ਦਾਅਵੇ ਦਾ ਫੈਸਲਾ ਕਰਦਾ ਹੈ।<br><br>ਤੁਹਾਨੂੰ ਇਹ ਨੋਟਿਸ ਤੁਹਾਡੀ ਸੁਣਵਾਈ ਤੋਂ 10 ਦਿਨ ਪਹਿਲਾਂ ਮਿਲ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਪਤਾ ਉਸ ਨੋਟਿਸ 'ਤੇ ਹੋਵੇਗਾ।<br><br>ਜੇਕਰ ਮੰਤਰੀ ਦਾ ਵਕੀਲ ਤੁਹਾਡੀ ਸੁਣਵਾਈ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਤੁਹਾਡੇ ਲਈ ਆਪਣੇ ਸਬੂਤਾਂ ਦੀ ਇੱਕ ਕਾਪੀ ਉਨ੍ਹਾਂ ਨੂੰ ਭੇਜਣਾ ਅਤੇ RPD ਨੂੰ ਦੱਸਣਾ ਜ਼ਰੂਰੀ ਹੈ ਕਿ ਤੁਸੀਂ ਅਜਿਹਾ ਕਰ ਦਿੱਤਾ ਹੈ। |
| **ਵਾਚਕ:** ਅਤੇ ਆਖਰੀ ਕਦਮ ਛੇਵਾਂ ਕਦਮ ਹੈ: ਆਪਣੀ ਸੁਣਵਾਈ ਵਿੱਚ, ਕਾਪੀਆਂ ਅਤੇ ਅਸਲ ਦਸਤਾਵੇਜ਼ਾਂ ਸਮੇਤ ਆਪਣੇ ਸਾਰੇ ਦਸਤਾਵੇਜ਼ ਲਿਆਓ।<br><br>ਇਹ ਛੇ ਕਦਮ ਹਨ ਜੋ IRB ਦੀ ਰਫ਼ਿਊਜੀ ਪ੍ਰੋਟੈਕਸ਼ਨ ਡਿਵੀਜ਼ਨ ਨੂੰ ਆਪਣੇ ਦਸਤਾਵੇਜ਼ ਜਮ੍ਹਾਂ ਕਰਦੇ ਸਮੇਂ ਤੁਹਾਡੇ ਲਈ ਚੁੱਕਣੇ ਜ਼ਰੂਰੀ ਹਨ। |
| **ਵਾਚਕ:** ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਬਾਰੇ ਨਵੀਨਤਮ ਜਾਣਕਾਰੀ ਲਈ, IRB ਦੀ ਵੈੱਬਸਾਈਟ 'ਤੇ ਜਾਓ ਜਾਂ ਆਮ ਪੁੱਛਗਿੱਛ ਲਈ ਸਾਡੇ ਟੋਲ ਫ੍ਰੀ ਨੰਬਰ 1-833-931-5121 'ਤੇ ਕਾਲ ਕਰੋ। |
| **ਵਾਚਕ:** ਤੁਸੀਂ ਸਾਡੇ, *ਸਾਡੇ ਨਾਲ ਸੰਪਰਕ ਕਰੋ* ਪੰਨੇ 'ਤੇ ਜਾਣ ਲਈ ਸਕ੍ਰੀਨ 'ਤੇ QR ਕੋਡ ਨੂੰ ਸਕੈਨ ਵੀ ਕਰ ਸਕਦੇ ਹੋ, ਜਿੱਥੇ ਤੁਹਾਨੂੰ ਦਸਤਾਵੇਜ਼ ਕਿੱਥੇ ਜਮ੍ਹਾਂ ਕਰਨੇ ਹਨ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ ਬਾਰੇ ਜਾਣਕਾਰੀ ਮਿਲੇਗੀ। |